# ਸਕੂਲ ਦਾ ਸੰਖ਼ੇਪ ਇਤਿਹਾਸ

## ਗਿਆਨ ਖੰਡ ਮਹਿ ਗਿਆਨ ਪਰਚੰਡ || ਤਿਥੈ ਨਾਦ ਬਿਨੋਦ ਕੋਡ ਅਨੰਦ ||

ਹਜ਼ਾਰਾਂ ਸਦੀਆਂ ਤੋਂ ਆਬਾਦ, ਪੰਜਾਂ ਦਰਿਆਵਾਂ ਦੀ ਸੁਹਾਵਣੀ ਧਰਤੀ ਦੇ ਵਸਨੀਕਾਂ ਨੂੰ ਆਪਣੇ ਜੰਗਜੂ ਵਿਰਸੇ, ਖੁੱਲ੍ਹੇ-ਖੁਲਾਸੇ ਸੁਭਾਅ, ਧਰਮ ਨਿਰਪੱਖ ਫਲਸਫੇ ਅਤੇ ਸੱਭ ਤੋਂ ਵੱਧ ਆਪਣੇ ਕੰਮ ਆਪ ਸਵਾਰਨ ਉੱਤੇ ਮਾਣ ਹੈ | ਮਾਝੇ, ਮਾਲਵੇ, ਦੁਆਬੇ, ਜੰਗਲ, ਬਾਰ, ਥਾਰ ਅਤੇ ਪੋਠੋਹਾਰ ਦੇ ਇਸ ਇਲਾਕੇ ਨੂੰ ਇਤਿਹਾਸਕਾਰ ਪਹਿਲਿਆਂ ਸਮਿਆਂ ਵਿੱਚ ਸਪਤ-ਸਿੰਧੂ ਤੋਂ ਅੱਜ-ਕੱਲ੍ਹ ਪੰਜਾਬ ਕਹਿੰਦੇ ਹਨ | ਇਹ ਖਿੱਤਾ ਦੁਨੀਆ ਭਰ ਦੇ ਅਤਿ ਉਪਜਾਊ ਖਿੱਤਿਆਂ ਵਿੱਚੋਂ ਇੱਕ ਹੈ | ਸਾਡਾ ਸੱਭਿਆਚਾਰ ਹੜੱਪਾ, ਰੋਪੜ, ਸੰਘੋਲ ਤੇ ਢੋਲਬਾਹਾ ਤੋਂ ਤੁਰਦਾ ਹੋਇਆ ਅੱਜ ਦੇ ਪੜਾਅ ਤੇ ਪਹੁੰਚਿਆ ਹੈ | ਭਾਵੇਂ ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਸਾਡੇ ਉੱਤੇ ਸਦੀਆਂ ਤੀਕਰ ਜਰਵਾਣਿਆਂ ਵੱਲੋਂ ਤਸ਼ੱਦਦ ਕੀਤੇ ਜਾਂਦੇ ਰਹੇ, ਪਰ ਸਾਡੇ ਅਣਖੀਲੇ ਗੱਭਰੂਆਂ ਨੇ ਸੁੱਕਾ ਕਿਸੇ ਨੂੰ ਨਹੀਂ ਜਾਣ ਦਿੱਤਾ | ਹਰ ਇੱਕ ਦਾ ਨਿਉਂਦਾ ਵਾਧਾ ਪਾ ਕੇ ਮੋੜਿਆ | ਸਾਡਾ ਸਮੁੱਚਾ ਸਾਹਿਤ ਵੀਰਾਂ ਜੋਧਿਆਂ ਤੇ ਸਿਰਲੱਥ ਸੂਰਮਿਆਂ ਦੀਆਂ ਵਾਰਾਂ ਅਤੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਅਜਿਹੇ ਹੀ ਮਹਾਨ ਪੰਜਾਬੀ ਯੋਧੇ ਸਨ ਬਾਬਾ ਖੁਸ਼ਹਾਲ ਸਿੰਘ ਜੀ ਸ਼ਹੀਦ | ਇਹ ਬਜ਼ੁਰਗ, ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਫੈਜ਼ਲਪੁਰੀਏ ਮਿਸਲਦਾਰ ਨਵਾਬ ਕਪੂਰ ਸਿੰਘ ਜੀ ਦੇ ਭਤੀਜੇ ਸਨ | ਇਹਨਾਂ ਨੇ 18ਵੀਂ ਸਦੀ ਦੇ ਪਿਛਲੇਰੇ ਅੱਧ ਵਿੱਚ ਪੰਜਾਬੀਆਂ ਤੇ ਗੁਰੂ ਦੇ ਸਿੱਖਾਂ ਦੀ ਅਣਖ ਬਰਕਰਾਰ ਰੱਖਣ ਲਈ ਹਮਲਾਵਰਾਂ ਨਾਲ ਟੱਕਰ ਲਈ ਤੇ ਸ਼ਹੀਦੀ ਪ੍ਰਾਪਤ ਕੀਤੀ। ਇਹ ਅਸਥਾਨ ਜਿੱਥੇ ਤੁਸੀਂ ਵਿਚਰ ਰਹੇ ਹੋ, ਉਹਨਾਂ ਮਹਾਨ ਸ਼ਹੀਦਾਂ ਦੀ ਰਣਭੂਮੀ ਹੈ। ਸੰਗਤਾਂ, ਭਗਤਾਂ, ਜੋਧਿਆਂ ਤੇ ਮਹਾਂਪੁਰਸ਼ਾਂ ਦੀਆਂ ਅਸਲ ਯਾਦਗਾਰਾਂ ਉਹਨਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਸੋਚ ਕੇ ਅਗਾਂਹ ਤੋਰਨਾ ਹੁੰਦਾ ਹੈ। ਸੋ ਇਹ ਸਕੂਲ, ਸ਼ਹੀਦ ਬਾਬਾ ਖੁਸ਼ਹਾਲ ਸਿੰਘ ਜੀ ਦੀ ਸੰਤ-ਸਿਪਾਹੀ ਵਾਲੀ ਸੋਚ ਨੂੰ ਮੁੱਖ ਰੱਖ ਕੇ ਖੋਲ੍ਹਿਆ ਗਿਆ ਹੈ | ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਮੋਹ ਅਤੇ ਸਤਿਕਾਰ ਪੈਦਾ ਕਰਨਾ, ਇਸ ਸੰਸਥਾ ਦਾ ਅਸਲ ਉਦੇਸ਼ ਹੈ। ਜਨੂੰਨ, ਕੱਟੜਪੁਣੇ ਅਤੇ ਸਿਆਸਤ ਤੋਂ ਨਿਵੇਕਲੇ ਰਹਿ ਕੇ ਆਪਣੇ ਇਤਿਹਾਸ, ਵਿਰਸੇ ਤੇ ਸੱਭਿਆਚਾਰ ਤੋਂ ਪ੍ਰੇਰਨਾ ਲੈਣ ਦੇ ਨਾਲ ਨਾਲ ਸਾਇੰਸ ਦੇ ਯੁੱਗ ਵਿੱਚ ਗਿਆਨ, ਵਿਗਿਆਨ ਅਤੇ ਸ਼ਿਲਪ ਵਿਗਿਆਨ ਦੇ ਭਰਪੂਰ ਵਿਕਾਸ ਤੋਂ ਜਾਣੂ ਕਰਵਾਉਣਾ ਇਸ ਸੰਸਥਾ ਦਾ ਮੁੱਖ ਮਨੋਰਥ ਹੈ। ਬੱਚਿਆਂ ਨੂੰ ਪੜ੍ਹਨ ਪੜ੍ਹਾਉਣ ਲਈ ਸਾਨੂੰ ਨੀਂਹ ਆਪਣੇ ਵਿਰਸੇ, ਸੱਭਿਆਚਾਰ ਤੇ ਇਤਿਹਾਸ ਤੋਂ ਚੁੱਕਣੀ ਪੈਣੀ ਹੈ, ਪਰ ਇਸ ਇਮਾਰਤ ਵਿੱਚ ਰੌਸ਼ਨੀ

ਚੌਹਾਂ ਕੂੰਟਾਂ ਤੋਂ ਆਉਣੀ ਚਾਹੀਦੀ ਹੈ | ਅੱਜ ਦੇ ਦੌਰ ਵਿੱਚ ਸਾਇੰਸ ਦੀਆਂ ਲੱਭਤਾਂ ਵੱਧ ਤੋਂ ਵੱਧ ਜਾਣਕਾਰੀ ਬੱਚਿਆਂ ਨੂੰ ਮੁਹਈਆ ਕਰਨਾ ਸਾਡਾ ਫਰਜ਼ ਹੈ। ਸਾਡੇ ਵਿਦਿਆਰਥੀ ਸਿਰਫ ਦਫ਼ਤਰੀ ਬਾਬੂ ਹੀ ਨਾ ਬਣਨ ਸਗੋਂ ਘਰ, ਦੇਸ਼ ਅਤੇ ਕੌਮ ਲਈ ਫਾਇਦੇਮੰਦ ਆਗੂ, ਰਹਿਬਰ ਤੇ ਸੱਭ ਤੋਂ ਵਧੀਆ ਇਨਸਾਨ ਸਾਬਤ ਹੋਣ | ਚੰਗੇ ਮਨੁੱਖੀ ਗੁਣਾਂ ਲਈ ਆਪਣੇ ਧਰਮ ਦੀ ਭਰਪੂਰ ਵਾਕਫੀਅਤ ਤੇ ਦੂਜੇ ਸਾਰੇ ਹੀ ਮਜ਼੍ਹਬਾਂ ਦੀ ਬੁਨਿਆਦੀ ਜਾਣਕਾਰੀ ਬਹੁਤ ਲੋੜੀਂਦੀ ਹੋਣ ਕਰਕੇ ਧਾਰਮਿਕ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇਣਾ ਸਾਡਾ ਉਪਰਾਲਾ ਹੈ |

**"ਮਾਨਸ ਕੀ ਜਾਤ, ਸਭੈ ਏਕੇ ਪਹਿਚਾਨਬੋ ||"**

ਦਾ ਮਹਾਂਵਾਕ ਸਾਡਾ ਗਾਡੀ ਰਾਹ ਹੈ | ਹਰ ਕਾਰਜ ਪਿੱਛੇ ਕਾਰਨ ਜਰੂਰ ਹੁੰਦਾ ਹੈ। ਇਸ ਅਦਾਰੇ ਦੇ ਪਿਛੋਕੜ ਵਿੱਚ ਸੀ, ਸਰਦਾਰ ਪਿਆਰਾ ਸਿੰਘ ਜੀ ਹੁਸੈਨਪੁਰ ਨਿਵਾਸੀ ਹੋਰਾਂ ਦੀ ਆਰਥਿਕ ਮਦਦ ਤੇ ਇਲਾਕਾ ਨਿਵਾਸੀਆਂ ਦੀ ਇੱਕ ਅਜਿਹੇ ਵਿਦਿਅਕ ਅਦਾਰੇ ਦੀ ਲੋੜ | ਸਕੂਲ ਦੀ ਅਸਲ ਬੁਨਿਆਦ 22 ਜਨਵਰੀ, 1986 ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਉਣ ਸਮੇਂ ਭਰੇ ਦੀਵਾਨ ਵਿੱਚ ਸਰਦਾਰ ਪਿਆਰਾ ਸਿੰਘ ਵੱਲੋਂ ਡੇਢ ਕਨਾਲ ਜਮੀਨ ਤੇ ਨਕਦ ਪੇਸ਼ਕਸ਼ ਨਾਲ ਰੱਖੀ ਗਈ । ਇਸ ਉਪਰੰਤ 1 ਮਾਰਚ 1986 ਨੂੰ ਇਮਾਰਤ ਦੀ ਉਸਾਰੀ ਸ਼ੁਰੂ ਹੋਈ ਅਤੇ 1 ਅਪ੍ਰੈਲ ਤੋਂ ਬਕਾਇਦਾ ਪੰਜਵੀਂ ਜਮਾਤ ਤੀਕਰ ਜਮਾਤਾਂ ਸ਼ੁਰੂ ਹੋ ਗਈਆਂ ।

ਸਮੁੱਚੀ ਪ੍ਰਬੰਧਕ ਕਮੇਟੀ ਦੀ ਇਹ ਦਿਲੀ ਖਾਹਿਸ਼ ਹੈ ਤੇ ਰਹੇਗੀ ਕਿ ਇਸ ਸੰਸਥਾ ਨੂੰ ਮਾਡਲ ਬਣਾ ਕੇ ਆਪਣੇ ਇਲਾਕੇ, ਸੂਬੇ ਤੇ ਦੇਸ਼ ਦੀ ਆਪਣੀ ਤੁੱਛ ਬੁੱਧੀ ਅਨੁਸਾਰ ਖਿਦਮਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ |